# 7th India-EU Foreign Policy & Security Consultations

October 22, 2020

## ਭਾਰਤ-ਯੂਰਪੀ ਵਿਦੇਸ਼ੀ ਨੀਤੀ ਅਤੇ ਸੁਰੱਖਿਆ ਬਾਰੇ 7ਵੇਂ ਸਲਾਹ-ਮਸ਼ਵਰੇ

22 ਅਕਤੂਬਰ, 2020

1. ਭਾਰਤ-ਯੂਰਪੀ ਵਿਦੇਸ਼ੀ ਨੀਤੀ ਅਤੇ ਸੁਰੱਖਿਆ ਬਾਰੇ 7ਵੇਂ ਸਲਾਹ-ਮਸ਼ਵਰੇ 22 ਅਕਤੂਬਰ, 2020 ਨੂੰ ਵਰਚੁਅਲ ਰੂਪ ਵਿੱਚ ਹੋਏ। ਇਸ ਵਿਚਾਰ-ਵਟਾਂਦਰੇ ਦੀ ਪ੍ਰਧਾਨਗੀ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮ) ਸ੍ਰੀ ਵਿਕਾਸ ਸਵਰੂਪ ਅਤੇ ਯੂਰਪੀ ਬਾਹਰੀ ਐਕਸ਼ਨ ਸੇਵਾ ਦੇ ਰਾਜਨੀਤਿਕ ਮਾਮਲੇ ਉਪ ਮਹਾਂਸੱਕਤਰ/ / ਰਾਜਨੀਤਿਕ ਨਿਦੇਸ਼ਕ ਸ੍ਰੀ ਐਨਰਿਕ ਮੋਰਾ ਨੇ ਕੀਤੀ।

2. ਇਸ ਵਿਚਾਰ-ਵਟਾਂਦਰੇ ਦੌਰਾਨ ਦੋਨਾਂ ਪੱਖਾਂ ਨੇ ਜੁਲਾਈ, 2020 ਵਿੱਚ ਹੋਏ 15ਵੇਂ ਭਾਰਤ-ਯੂਰਪੀ ਸੰਮੇਲਨ ਦੁਆਰਾ ਭਾਰਤ-ਯੂਰਪੀ ਸਬੰਧਾਂ ਨੂੰ ਦਿੱਤੀ ਗਈ ਨਵੀਂ ਰਾਜਨੀਤਿਕ ਰਫਤਾਰ ਉੱਤੇ ਤਸੱਲੀ ਪ੍ਰਗਟਾਈ। ਉਨ੍ਹਾਂ ਨੇ ਸੰਮੇਲਨ ਵਿੱਚ ਲਏ ਗਏ ਫੈਸਲਿਆਂ ਦਾ ਜਾਇਜ਼ਾ ਲਿਆ ਅਤੇ "ਭਾਰਤ-ਯੂਰਪੀ ਸੰਘ ਭਾਈਵਾਲੀ: 2025 ਤੱਕ ਦੀ ਰੂਪਰੇਖਾ" ਲਾਗੂ ਕਰਨ ਪ੍ਰਤੀ ਵਚਨਬੱਧਤਾ ਦੁਹਰਾਈ। ਉਨ੍ਹਾਂ ਨੇ ਭਾਰਤ ਅਤੇ ਯੂਰਪੀ ਸੰਘ ਦਰਮਿਆਨ ਵੱਖ-ਵੱਖ ਸੰਸਥਾਗਤ ਢਾਂਚਿਆਂ ਦੇ ਕੰਮਕਾਜ ਦੀ ਸਮੀਖਿਆ ਕੀਤੀ, ਜਿਨ੍ਹਾਂ ਅੰਦਰ ਸਾਈਬਰ ਸੁਰੱਖਿਆ, ਅੱਤਵਾਦ-ਰੋਧ, ਸਮੁੰਦਰੀ ਸੁਰੱਖਿਆ, ਅਤੇ ਨਿਹੱਥਾਕਰਨ ਅਤੇ ਗੈਰ-ਪ੍ਰਸਾਰ ਸ਼ਾਮਲ ਹੈ ਅਤੇ ਭਾਰਤ-ਯੂਰਪੀ ਸੰਘ ਸੁਰੱਖਿਆ ਭਾਈਵਾਲੀ ਤਹਿਤ ਸਹਿਯੋਗ ਵਧਾਉਣ ਦੀਆਂ ਸੰਭਾਵਨਾਵਾਂ ਦੀ ਪੜਚੋਲ ਕੀਤੀ।

3. ਦੋਨਾਂ ਪੱਖਾਂ ਨੇ COVID ਤੋਂ ਬਾਅਦ ਦੀ ਦੁਨੀਆਂ ਵਿੱਚ ਭਾਰਤ-ਯੂਰਪੀ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਦੇ ਮੌਕਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ, ਜਿਨ੍ਹਾਂ ਵਿੱਚ ਸਿਹਤ ਸੰਭਾਲ, ਕੌਮਾਂਤਰੀ ਸਪਲਾਈ ਚੇਨ ਦਾ ਲਚਕੀਲਾਪਣ, ਸੁਧਰਿਆ ਬਹੁਪੱਖਵਾਦ ਅਤੇ ਹਰੀ ਤਬਦੀਲੀ ਦੇ ਖੇਤਰ ਸ਼ਾਮਲ ਹਨ। ਉਨ੍ਹਾਂ ਨੇ ਦੁਨੀਆਂ ਦੇ ਅਰਥਚਾਰੇ ਦੀ ਮੁੜ ਬਹਾਲੀ ਦੇ ਯਤਨਾਂ ਲਈ ਭਾਰਤ-ਯੂਰਪੀ ਸਹਿਯੋਗ ਦੀ ਮਹੱਤਤਾ ਦੀ ਵੀ ਗੱਲ ਕੀਤੀ ਅਤੇ ਇਸ ਸਬੰਧ ਵਿੱਚ ਛੇਤੀ ਹੀ ਵਪਾਰ ਅਤੇ ਨਿਵੇਸ਼ਾਂ ਬਾਰੇ ਉੱਚ ਪੱਧਰੀ ਵਾਰਤਾ ਕਰਨ ਉੱਤੇ ਸਹਿਮਤੀ ਦਿੱਤੀ। ਦੋਨਾਂ ਧਿਰਾਂ ਨੇ ਭਾਰਤ-ਯੂਰਪੀ ਸੰਘ ਕਨੇਕਟੀਵਿਟੀ ਭਾਈਵਾਲੀ ਬਾਰੇ ਗੱਲਬਾਤ ਤੇਜ਼ ਕਰਨ ਅਤੇ ਸਾਈਬਰ ਸੁਰੱਖਿਆ ਅਤੇ ਆਰਟੀਫਿਸ਼ਿਅਲ ਇੰਟੈਲੀਜੈਂਸ ਸਮੇਤ ਡਿਜੀਟਲ ਡੋਮੇਨ ਵਿੱਚ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨ ਉੱਤੇ ਸਹਿਮਤੀ ਪ੍ਰਗਟਾਈ।

4. ਦੋਵਾਂ ਪੱਖਾਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ ਅਤੇ 2021 ਵਿੱਚ ਪੁਰਤਗਾਲ ਅੰਦਰ ਹੋਣ ਵਾਲੀ ਅਗਲੀ ਭਾਰਤ-ਯੂਰਪੀ ਸੰਘ27 ਆਗੂਆਂ ਦੀ ਬੈਠਕ ਲਈ ਨੇੜਲਾ ਸਹਿਯੋਗ ਬਣਾਈ ਰੱਖਣ 'ਤੇ ਸਹਿਮਤੀ ਪ੍ਰਗਟ ਕੀਤੀ।

ਨਵੀਂ ਦਿੱਲੀ
22 ਅਕਤੂਬਰ, 2020

DISCLAIMER: This is an approximate translation. The original is available in English on MEA's website and may be referred to as the official press release.